# ਆਕਾਸ਼ਵਾਣੀ ਜਲੰਧਰ

## ਪ੍ਰਦੇਸ਼ਿਕ ਖਬਰਾਂ ਪੰਜਾਬੀ

**13:10**

**ਮਿਤੀ : 06-09-2025**

ਸਰਕਾਰ ਵੱਲੋਂ ਸ਼ੁਰੂ ਕੀਤੇ ਗਏ ਵਸਤੂ ਅਤੇ ਸੇਵਾ ਟੈਕਸ, GST ਸੁਧਾਰਾਂ ਨਾਲ, 22 ਸਤੰਬਰ ਤੋਂ ਖਪਤਕਾਰਾਂ ਦੀਆਂ ਰੋਜ਼ਾਨਾ ਵਰਤੋਂ ਦੀਆਂ ਵਸਤਾਂ ਦੀਆਂ, ਟੈਕਸ ਦਰਾਂ ਘਟਾਉਣ ਦੀ ਪੂਰੀ ਤਿਆਰੀ ਏ। GST ਕੌਂਸਲ ਨੇ ਅਸਿੱਧੀ ਟੈਕਸ ਪ੍ਰਣਾਲੀ ਨੂੰ 5 ਫ਼ੀਸਦੀ ਤੇ 18 ਫ਼ੀਸਦੀ ਦੀਆਂ 2 ਦਰਾਂ ਨਾਲ ਸਰਲ ਬਣਾਇਆ ਏ। ਇਸ ਬਾਰੇ ਵਿਤ ਮੰਤਰੀ ਨਿਰਮਲਾ ਸਿਤਾਰਮਨ ਨੇ ਕਿਹਾ ਏ ਕਿ byte

ਇਸ ਮਹੱਤਵਪੂਰਨ ਟੈਕਸ ਤਰਕਸੰਗਤੀਕਰਨ ਨਾਲ, ਡੇਅਰੀ ਸੈਕਟਰ ਨੂੰ ਹੁਲਾਰਾ ਮਿਲਣ ਦੀ ਉਮੀਦ ਏ ਅਤੇ ਕਿਸਾਨਾਂ ਅਤੇ ਖਪਤਕਾਰਾਂ ਦੋਵਾਂ ਨੂੰ ਲਾਭ ਮਿਲੇਗਾ, ਜਿਸ ਨਾਲ ਦੇਸ਼ ਦੇ ਸਮੁੱਚੇ ਸਮਾਜਿਕ-ਆਰਥਿਕ ਵਿਕਾਸ ਵਿੱਚ ਯੋਗਦਾਨ ਪਵੇਗਾ। ਇਸ ਸੁਧਾਰ ਨਾਲ 8 ਕਰੋੜ ਤੋਂ ਵੱਧ ਪੇਂਡੂ ਕਿਸਾਨ ਪਰਿਵਾਰਾਂ, ਖਾਸ ਕਰਕੇ ਛੋਟੇ, ਸੀਮਾਂਤ ਅਤੇ ਭੂਮੀਹੀਣ ਮਜ਼ਦੂਰਾਂ ਨੂੰ ਸਿੱਧੇ ਤੌਰ 'ਤੇ ਲਾਭ ਹੋਵੇਗਾ।

---------------------------------------------------

ਗੁਆਂਢੀ ਸੂਬਿਆਂ ਦੇ ਉੱਪਰੀ ਪਹਾੜੀ ਇਲਾਕਿਆਂ ਦੇ ਨਾਲ-ਨਾਲ ਪੰਜਾਬ ਵਿੱਚ ਵੀ ਬਾਰਿਸ਼ ਘਟ ਰਹੀ ਏ , ਜਿਸ ਨਾਲ ਸੂਬੇ ਨੂੰ ਆਪਣੇ ਦਰਿਆਵਾਂ ਵਿੱਚ ਪਾਣੀ ਦੇ ਹੋਰ ਵਹਾਅ ਤੋਂ ਰਾਹਤ ਮਿਲੀ ਏ ,ਅਧਿਕਾਰਤ ਰਿਪੋਰਟਾਂ ਮੁਤਾਬਿਕ, ਪਿਛਲੇ 24 ਘੰਟਿਆਂ ਦੌਰਾਨ ਪ੍ਰਭਾਵਿਤ ਆਬਾਦੀ ਵਿੱਚ ਕੋਈ ਵੱਡਾ ਵਾਧਾ ਨਹੀਂ ਹੋਇਆ ਹਾਲਾਂਕਿ ਸੂਬੇ ਭਰ ਵਿੱਚ ਖੇਤੀਬਾੜੀ ਯੋਗ ਜ਼ਮੀਨ ਵੱਡੇ ਪਧਰ ‘ਤੇ ਡੁੱਬੀ ਹੋਈ ਏ. ਹੁਣ ਤੱਕ, 22 ਜ਼ਿਲ੍ਹਿਆਂ ਦੇ 1 ਹਜ਼ਾਰ 948 ਪਿੰਡ ਪ੍ਰਭਾਵਿਤ ਹੋਏ ਨੇ , ਜਿਸ ਨਾਲ 3.84 ਲੱਖ ਲੋਕਾਂ ‘ਤੇ ਅਸਰ ਪਿਆ ਏ. ਪੰਜਾਬ ਦੇ ਮਾਲ, ਮੁੜ ਵਸੇਬਾ ਅਤੇ ਆਫ਼ਤ ਪ੍ਰਬੰਧਨ ਮੰਤਰੀ, ਹਰਦੀਪ ਸਿੰਘ ਮੁੰਡੀਆਂ (ਮੁੰਡੀਆਂ) ਨੇ ਜਾਣਕਾਰੀ ਦਿੱਤੀ ਏ ਕਿ ਪੰਜਾਬ ਭਰ ਵਿੱਚ ਪ੍ਰਭਾਵਿਤ ਇਲਾਕਿਆਂ ਤੋਂ 21, ਹਜ਼ਾਰ 929 ਲੋਕਾਂ ਨੂੰ ਬਾਹਰ ਕੱਢਿਆ ਗਿਆ ਏ । ਇਹਨਾਂ ਚੋਂ ਸਭ ਤੋਂ ਵਧ ਗੁਰਦਾਸਪੁਰ ਤੋਂ ਨੇ, ਇਸ ਤੋਂ ਇਲਾਵਾ ਫਿਰੋਜ਼ਪੁਰ, ਫਾਜ਼ਿਲਕਾ ਅਤੇ ਅੰਮ੍ਰਿਤਸਰ ਤੋਂ ਇਲਾਵਾ ਹੋਰ ਜ਼ਿਲਿਆਂ ਤੋਂ ਵੀ ਵੱਡੀ ਗਿਣਤੀ ‘ਚ ਲੋਕਾਂ ਨੂੰ ਸੁਰਖਿਅਤ ਥਾਵਾਂ ‘ਤੇ ਪਹੁੰਚਾਇਆ ਗਿਆ ਏ. ਇਸ ਦੌਰਾਨ ਅਧਿਕਾਰਤ ਹਲਕਿਆਂ ਨੇ ਜਾਣਕਾਰੀ ਦਿੱਤੀ ਏ ਕਿ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਜਲਦ ਹੀ ਹੜ੍ਹ ਪ੍ਰਭਾਵਿਤ ਰਾਜਾਂ ਦਾ ਦੌਰਾ ਕਰਕੇ ਸਥਿਤੀ ਦਾ ਜਾਇਜ਼ਾ ਲੈਣਗੇ । ਓਥੇ ਹੀ ਜਾਣਕਾਰੀ ਅਨੁਸਾਰ ਬੀਤੇ ਦਿਨ ਲੁਧਿਆਣਾ ਦੇ ਪਿੰਡ ਸਸਰਾਲੀ ਨਜਦੀਕ ਬਣੇ

ਧੁੱਸੀ ਬੰਨ ਵਿਚ ਆਏ ਵਾਧੂ ਪਾਣੀ ਕਾਰਣ ਪ੍ਰਭਾਵਿਤ ਹੋਣ ਕਰਕੇ ਜਿਥੇ ਉਸ ਪਿੰਡ ਤੇ ਹੋਰ ਨੇੜਲੇ ਪਿੰਡਾਂ ਦੇ ਲੋਕ ਪਰੇਸ਼ਾਨ ਨੇ ਉਥੇ ਹੀ ਲੁਧਿਆਣਾ ਜ਼ਿਲਾ ਪ੍ਰਸ਼ਾਸਨ ਨੇ ਉਸ ਬੰਨ ਨੂੰ ਮਜਬੂਤ ਕਰਨ ਲਈ ਰਾਤ ਭਰ ਪੂਰੀ ਵਾਹ ਲਗਾਈ ਹੋਈ ਸੀ , ਅੱਜ ਸਵੇਰੇ ਵੀ ਧੁੱਸੀ ਬੰਨ ਨੂੰ ਢਾਹ ਲੱਗਣ ਦੀਆਂ ਖਬਰਾਂ ਸਨ , ਪਰ ਡਿਪਟੀ ਕਮਿਸ਼ਨਰ ਹਿਮਾਂਸ਼ੂ ਜੈਨ ਨੇ ਜਾਣਕਾਰੀ ਦਿਤੀ ਏ ਕਿ ਹਾਲਾਤ ਕਾਬੂ ਹੇਠ ਨੇ ਤੇ ਪਾਣੀ ਦਾ ਪੱਧਰ ਘਟ ਰਿਹਾ ਏ , ਘਬਰਾਉਣ ਦੀ ਕੋਈ ਲੋੜ ਨਹੀਂ ਏ , ਉਹਨਾਂ ਵਲੋਂ ਗ਼ਲਤ ਖ਼ਬਰਾਂ ਫੈਲਾਉਣ ਤੋਂ ਵੀ ਗੁਰੇਜ਼ ਕਰਨ ਨੂੰ ਕਿਹਾ ਗਿਆ ਏ , ਪਿੰਡ ਦੇ ਵਸਨੀਕ ਸੁਖਬੀਰ ਨੇ ਦੱਸਿਆ ਕਿ **Byte--------**

ਮੌਸਮ ਵਿਭਾਗ ਅਨੁਸਾਰ ਅੱਜ ਸੂਬੇ ਭਰ ਵਿਚ ਗੁਰਦਾਸਪੁਰ, ਫਰੀਦਕੋਟ, ਫਿਰੋਜਪੁਰ ਅੰਮ੍ਰਿਤਸਰ, ਕਪੂਰਥਲਾ ਜਲੰਧਰ, ਹੁਸ਼ਿਆਰਪੁਰ, ਸੰਗਰੂਰ ਅਤੇ ਲੁਧਿਆਣਾ ਸਮੇਤ ਹਲਕੀ ਤੋਂ ਦਰਮਿਆਨੀ ਬਾਰਿਸ਼ ਹੋਣ ਦੀ ਪੇਸ਼ੀਨਗੋਈ ਏ ।

---

ਰਾਸ਼ਟਰੀ ਜਾਂਚ ਏਜੰਸੀ (ਐਨ.ਆਈ.ਏ.) ਨੇ ਇਸ ਸਾਲ ਮਾਰਚ ਵਿਚ ਹੋਏ ਅੰਮ੍ਰਿਤਸਰ ਮੰਦਰ ਗ੍ਰਨੇਡ ਹਮਲੇ ਦੇ ਇਕ ਮੁੱਖ ਲੋੜੀਂਦੇ ਅੱਤਵਾਦੀ ਨੂੰ ਗ੍ਰਿਫ਼ਤਾਰ ਕੀਤਾ ਏ । ਦੋਸ਼ੀ ਸ਼ਰਨਜੀਤ ਕੁਮਾਰ, ਜੋ ਕਿ ਜ਼ਿਲ੍ਹਾ

ਗੁਰਦਾਸਪੁਰ ਦੇ ਬਟਾਲਾ ਪਿੰਡ ਦਾ ਰਹਿਣ ਵਾਲਾ ਹੈ, ਨੂੰ ਬਿਹਾਰ ਦੇ ਗਯਾ ਤੋਂ ਗ੍ਰਿਫ਼ਤਾਰ ਕੀਤਾ ਗਿਆ ਏ । ਸੂਤਰਾਂ ਅਨੁਸਾਰ, ਉਹ ਦੋ ਬਾਈਕ ਸਵਾਰ ਹਮਲਾਵਰਾਂ ਦੁਆਰਾ ਕੀਤੇ ਗਏ ਅੱਤਵਾਦੀ ਹਮਲੇ ਦੀ ਸਾਜ਼ਿਸ਼ ਤੇ ਅੰਜਾਮ ਵਿੱਚ ਸਰਗਰਮੀ ਨਾਲ ਸ਼ਾਮਲ ਸੀ। ਉਹ ਯੂਰਪ, ਅਮਰੀਕਾ ਤੇ ਕੈਨੇਡਾ ਵਿੱਚ ਅੰਤਰਰਾਸ਼ਟਰੀ ਮੌਜੂਦਗੀ ਰੱਖਣ ਵਾਲੇ ਵਿਦੇਸ਼ੀ ਹੈਂਡਲਰਾਂ ਦੇ ਨਿਰਦੇਸ਼ਾਂ ਹੇਠ ਕੰਮ ਕਰ ਰਹੇ ਸਨ। ਇਹ ਦੋਵੇਂ ਪੰਜਾਬ ਵਿੱਚ ਗ੍ਰਨੇਡਾਂ ਦੇ ਨਾਲ-ਨਾਲ ਹਥਿਆਰਾਂ ਤੇ ਗੋਲਾ ਬਾਰੂਦ ਦੀਆਂ ਕਈ ਖੇਪਾਂ ਦੀ ਖਰੀਦ ਅਤੇ ਸਪਲਾਈ ਵਿੱਚ ਸ਼ਾਮਲ ਸਨ।

---------------------------------------------------

ਨਵੀਂ ਦਿੱਲੀ ਦੇ ਵਿਗਿਆਨ ਭਵਨ ਵਿਖੇ ਬੀਤੇ ਦਿਨ ਅਧਿਆਪਕ ਦਿਵਸ ਮੌਕੇ ਕਰਵਾਏ ਸਮਾਗਮ ਦੌਰਾਨ ਰਾਸ਼ਟਰਪਤੀ ਦਰੋਪਦੀ ਮੁਰਮੂ ਨੇ ਲੁਧਿਆਣਾ ਜ਼ਿਲ੍ਹੇ ਦੇ ਪਿੰਡ ਜੰਡਿਆਲੀ ਦੇ ਪ੍ਰਾਇਮਰੀ ਸਕੂਲ ਵਿੱਚ ਮੁੱਖ ਅਧਿਆਪਕ ਵਜੋਂ ਸੇਵਾਵਾਂ ਨਿਭਾਅ ਰਹੇ ਨਰਿੰਦਰ ਸਿੰਘ ਨੂੰ ਕੌਮੀ ਅਧਿਆਪਕ ਪੁਰਸਕਾਰ-2025 ਨਾਲ ਸਨਮਾਨਿਤ ਕੀਤਾ ਏ।

---------------------------------------------------

ਜਲੰਧਰ ਦੇ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਦੱਸਿਆ ਏ ਕਿ ਜ਼ਿਲਾ ਪ੍ਰਸ਼ਾਸਨ ਵਲੋਂ ਹਾਲ ਹੀ ਵਿਚ ਹੋਈ ਭਾਰੀ ਬਾਰਿਸ਼ ਤੇ

ਸਤਲੁਜ ਦਰਿਆ ਤੇ ਵੇਈਂ ਦੇ ਕੰਢਿਆਂ ਨੇੜੇ ਘਰਾਂ ਦੇ ਹੋਏ ਨੁਕਸਾਨ ਦਾ ਮੁਲਾਂਕਣ ਸ਼ੁਰੂ ਕਰ ਦਿੱਤਾ ਗਿਆ ਏ ਤੇ ਪ੍ਰਭਾਵਿਤ ਪਰਿਵਾਰਾਂ ਨੂੰ ਸਮੇਂ ਸਿਰ ਸਹਾਇਤਾ ਪ੍ਰਦਾਨ ਕਰਨ ਲਈ ਹੜ੍ਹ ਰਾਹਤ ਮਾਪਦੰਡਾਂ ਤਹਿਤ ਨਿਯਮਾਂ ਅਨੁਸਾਰ 30 ਲੱਖ ਰੁਪਏ ਦੀ ਰਾਸ਼ੀ ਪਹਿਲਾਂ ਹੀ ਵੰਡੀ ਜਾ ਚੁੱਕੀ ਏ । ਉਨ੍ਹਾਂ ਕਿਹਾ ਕਿ ਨੁਕਸਾਨ ਦਾ ਮੁਲਾਂਕਣ ਅਤੇ ਮੁਆਵਜਾ ਅਗਲੇ ਕੁਝ ਦਿਨਾਂ ਵਿੱਚ ਜਾਰੀ ਰਹੇਗਾ । ਉਨ੍ਹਾਂ ਕਿਹਾ ਕਿ ਪਾਰਦਰਸ਼ਤਾ ਨੂੰ ਯਕੀਨੀ ਬਣਾਉਣ ਲਈ ਇਹ ਸਹਾਇਤਾ ਰਾਸ਼ੀ ਲੋਕ ਨੁਮਾਇੰਦਿਆਂ ਅਤੇ ਵਿਭਾਗੀ ਅਧਿਕਾਰੀਆਂ ਦੀ ਮੌਜੂਦਗੀ ਵਿੱਚ ਵੰਡੀ ਜਾ ਰਹੀ ਏ , ਜਿਸ ਦਾ ਮੰਤਵ ਉਨ੍ਹਾਂ ਲੋਕਾਂ ਦੀ ਮਦਦ ਕਰਨਾ ਏ , ਜਿਨ੍ਹਾਂ ਦੇ ਘਰਾਂ ਨੂੰ ਨੁਕਸਾਨ ਪੁੱਜਾ ਏ ।